ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) ਅਤੇ (ਐ. ਸਿੱ)

ਮੀਮੋ ਨੰ 50/09/ਸਸਅ/ਪੈਡਾਗੋਜੀ-ਟੀ.ਟੀ/062872-062911
ਮਿਤੀ: ਚੰਡੀਗੜ੍ਹ 24 ਅਗਸਤ, 2009

**ਵਿਸ਼ਾ: ਸਕੂਲ ਦਾ ਰਿਕਾਰਡ ਪਸਵਕ ਚੇਅਰਮੈਨ / ਪਸਵਕ ਮੈਂਬਰ ਦੇ ਘਰ ਨਾ ਭੇਜਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਕਈ ਸਕੂਲਾਂ ਵਿੱਚ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਬਣਾਈਆਂ ਪੇਂਡੂ ਵਿਕਾਸ ਕਮੇਟੀਆਂ (ਪਸਵਕ) ਦੇ ਚੇਅਰਮੈਨਾਂ ਵੱਲੋਂ ਆਮ ਤੌਰ ਤੇ ਮੈਂਬਰ ਸਕੱਤਰ ਯਾਣੀ ਅਧਿਆਪਕ ਨੂੰ ਰਿਕਾਰਡ ਲੈ ਕੇ ਆਪਣੇ ਘਰ ਬੁਲਾਇਆ ਜਾਂਦਾ ਹੈ ਅਤੇ ਸਕੂਲ ਅਧਿਆਪਕ ਦਾ ਬਿਨਾਂ ਵਜ੍ਹਾ ਸਮਾਂ ਖਰਾਬ ਕੀਤਾ ਜਾਂਦਾ ਹੈ ਜਦੋਂ ਕਿ ਸਰਕਾਰ ਵੱਲੋਂ ਇਹ ਹਦਾਇਤਾਂ ਹਨ ਕਿ ਪੇਂਡੂ ਵਿਕਾਸ ਕਮੇਟੀ ਦੀ ਮੀਟਿੰਗ ਹਰ ਮਹੀਨੇ ਸਕੂਲ ਵਿੱਚ ਹੀ ਹੋਣੀ ਚਾਹੀਦੀ ਹੈ ਅਤੇ ਕਿਸੀ ਵੀ ਸੂਰਤ ਵਿੱਚ ਸਕੂਲ ਦਾ ਰਿਕਾਰਡ ਸਕੂਲ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ । ਚੇਅਰਮੈਨਾਂ ਵੱਲੋਂ ਇਸ ਤਰ੍ਹਾਂ ਸਕੂਲ ਦੇ ਅਧਿਆਪਕਾਂ ਨੂੰ ਆਪਣੇ ਘਰ ਬੁਲਾਉਣਾ ਨਾ ਸਿਰਫ ਸਰਕਾਰੀ ਹਦਾਇਤਾਂ ਦੀ ਉਲੰਘਣਾ ਹੈ, ਬਲਕਿ ਇਸ ਤਰ੍ਹਾਂ ਸਕੂਲ ਸਮੇਂ ਤੇ ਅਧਿਆਪਕ ਦੇ ਬਾਹਰ ਜਾਣ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ।

3.0 ਉਪਰੋਕਤ ਨੂੰ ਮੁੱਖ ਰੱਖਦੇ ਹੋਇਆ ਇਸ ਪੂਰੇ ਮੁੱਦੇ ਨੂੰ ਬੜੀ ਡੂੰਘਾਈ ਨਾਲ ਵਿਚਾਰਣ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਅੱਗੇ ਤੋ ਕਿਸੀ ਵੀ ਸੂਰਤ ਵਿੱਚ ਪੇਂਡੂ

ਵਿਕਾਸ ਕਮੇਟੀ ਦੇ ਚੇਅਰਮੈਨ ਦੇ ਕਹਿਣ ਤੇ ਚੇਅਰਮੈਨ ਜਾਂ ਕਿਸੀ ਹੋਰ ਮੈਂਬਰ ਦੇ ਕਹਿਣ ਤੇ ਉਨ੍ਹਾਂ ਦੇ ਘਰ ਸਕੂਲ ਨੂੰ ਛੱਡ ਕੇ ਨਹੀਂ ਜਾਵੇਗਾ । ਜਿੱਥੇ ਕਿਤੇ ਇਹੋ ਜਿਹੀ ਗੱਲ ਸਾਹਮਣੇ ਆਉਂਦੀ ਹੈ ਤਾਂ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) / (ਐ. ਸਿੱ) ਇਹੋ ਜਿਹੇ ਚੇਅਰਮੈਨ ਦੇ ਵਿਰੁੱਧ ਕਾਰਵਾਈ ਕਰਨ ਅਤੇ ਸਕੂਲ ਦੇ ਅਧਿਆਪਕ ਦੇ ਵਿਰੁੱਧ ਵੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ ।

ਉਪਰੋਕਤ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਈ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਤਾਰਾ : ਡੀ.ਐਮ. (ਐੱਮ ਆਈ ਐੱਸ) ਵੈਬ ਸਾਈਟ ਲਈ